# ਅਬ ਰਾਖਹੁ ਦਾਸ ਭਾਟ ਕੀ ਲਾਜ

## ਅਬ ਰਾਖਹੁ ਦਾਸ ਭਾਟ ਕੀ ਲਾਜ।।

ਇਹ ਸਵਈਆ, ਸ੍ਰੀ ਗੁਰੂ ਪੰਚਮ ਪਾਤਸ਼ਾਹ ਦੇ ਦਰਬਾਰ ਦੇ ਇਕ ਕੀਰਤਨੀਏ, **ਨਲ** ਭੱਟ ਜੀ ਨੇ ਉਚਾਰਣ ਕੀਤਾ ਹੈ ਜੋ, 'ਸਵਈਏ ਮਹਲੇ ਚਉਥੇ ਕੇ ੪' ਵਿਚ ਸੁਸ਼ੋਭਿਤ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਅੰਕ ੧੪੦੦ ਤੇ ਸੁਭਾਇਮਾਨ ਹੈ। ਗੁਰਬਾਣੀ ਵਿਚ, ਕੁਲ ੧੧ ਭਟਾਂ ਦੇ ਸਵਈਏ, ਸ੍ਰੀ ਗੁਰੂ ਅਰਜਨ ਦੇਵ ਸਾਹਿਬ ਵਲੋਂ ਮੋਹਰ ਲਗਾ ਕੇ ਦਰਜ ਕੀਤੇ ਗਏ ਹਨ। ਇਹ ਸਵਈਏ, ਅਕਾਲ ਪੁਰਖ ਦੀ ਗੁਰ-ਜੋਤਿ ਦੀ ਮਹਿਮਾ ਵਿਚ ਉਚਾਰਣ ਕੀਤੇ ਗਏ ਹਨ। ਇਹ ਗੁਰ-ਜੋਤਿ, ਸ੍ਰੀ ਗੁਰੂ ਨਾਨਕ ਸਾਹਿਬ ਅਤੇ ਅਗਲੇ ਚਾਰ ਸਰੂਪਾਂ, ਭਾਵ, ਪਹਿਲੇ ਪੰਜ ਗੁਰੂ ਸਾਹਿਬਾਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੀ ਮਹਿਮਾ ਗਾ ਰਹੇ ਹਨ। **ਇਹ ਸਾਰੇ ਸਵਈਏ ਪੜ੍ਹੇ ਸਮਝੇ ਬਿਨਾਂ, ਸਮੁਚੀ ਬਾਣੀ ਦੇ ਵਿਚ ਥਾਂ ਥਾਂ ਕੀਤੇ ਇਸ਼ਾਰੇ ਅਤੇ ਭੇਦ, ਸਮਝ ਵਿਚ ਨਹੀਂ ਆ ਸਕਦੇ, ਭੁਲੇਖੇ ਪੈਣੇ ਲਾਜ਼ਮੀ ਹਨ। ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਅਕਾਲ ਪੁਰਖ ਦੀ ਉਪਮਾ ਵਿਚ 'ਹਰਿ, ਨਰਹਰੀ, ਰਾਮ, ਰਘੁਨਾਥ, ਗੋਪਾਲ, ਮੁਰਾਰੀ, ਦਮੋਦਰ, ਮਧੁਸੂਦਨ, ਕੇਸਵ, ਗੋਬਿੰਦ' ਆਦਿ ਸ਼ਬਦ ਵਰਤੇ ਹਨ। ਪ੍ਰਭੂ ਦੇ ਪ੍ਰਹਿਲਾਦ, ਦ੍ਰੋਪਦੀ, ਸੁਦਾਮਾ, ਗਨਿਕਾ ਜਾਂ ਹੋਰ ਤੇਤੀ ਕ੍ਰੋੜ ਆਦਿ ਦਾ ਉਧਾਰ ਕਰਨ ਦੀ ਗਲ ਵੀ ਲਿਖੀ ਹੈ। ਪਰ ਉਨ੍ਹਾਂ ਨੇ ਕਿਧਰੇ ਇਹ ਨਹੀਂ ਸਮਝਾਇਆ ਕਿ ਉਸ ਦਾ ਪ੍ਰਤਖ ਰੂਪ ਉਹ ਆਪ ਹੀ ਹਨ,** ਸਿਵਾਏ ਕੁਝ ਇਸ਼ਾਰਿਆਂ ਦੇ, ਜਿਵੇਂ ਪੰਚਮ ਪਾਤਸ਼ਾਹ ਦੇ ਬਚਨ ਹਨ, '**ਨਾਨਕ ਗੁਰੂ ਹੈ ਅਤੇ ਨਾਨਕ ਖ਼ੁਦ ਹੀ ਹਰੀ ਹੈ**' - 'ਗੁਰੁ ਨਾਨਕੁ ਨਾਨਕੁ ਹਰਿ ਸੋਇ।।', ਅੰਕ ੮੬੪. ਅਤੇ '**ਗੁਰੂ ਨਾਨਕ ਸਭ ਤੋਂ ਵਡਾ ਹੈ ਜਿਸ ਨੇ ਕਲਿਜੁਗ ਵਿਚ ਮੇਰੀ ਪੈਜ ਰਖੀ ਹੈ' - 'ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ।।**', ਅੰਕ ੭੫੦, ਇਤਿ ਆਦਿ। **ਪਰ ਭੱਟ ਸਾਹਿਬਾਨ ਨੇ ਆਪਣੇ 'ਸਵਈਏ' ਬਾਣੀ ਵਿਚ ਖੁਲ ਕੇ ਗੁਰੂ ਸਾਹਿਬਾਨ ਦੀ ਅਕਾਲ ਪੁਰਖ ਜਾਣ ਕੇ ਮਹਿਮਾ ਗਾਈ ਹੈ ਕਿ ਉਹ ਆਪ ਹੀ 'ਹਰਿ, ਨਰਹਰੀ, ਰਾਮ, ਰਘੁਨਾਥ, ਗੋਪਾਲ, ਮੁਰਾਰੀ, ਦਮੋਦਰ, ਮਧੁਸੂਦਨ, ਕੇਸਵ, ਗੋਬਿੰਦ' ਆਦਿ ਹਨ, ਜਿਵੇਂ ਕਿ ਮੌਜੂਦਾ ਸਵਈਏ ਵਿਚ ਦਸਿਆ ਹੈ।** ਭੱਟ ਕੀਰਤ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਅੰਗਦ ਸਾਹਿਬ ਅਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਬਾਰੇ ਸਪਸ਼ਟ ਹੀ ਕਰ ਦਿਤਾ ਹੈ ਕਿ ਉਹ ਨਾਰਾਇਣ ਖ਼ੁਦ ਹੀ ਰੂਪ ਧਾਰ ਕੇ ਜਗ ਵਿਚ ਵਾਰ ਵਾਰ ਆਇਆ ਹੈ, ਨਿਰੰਕਾਰ ਨੇ ਆਕਾਰ ਰੂਪ ਹੋ ਕੇ ਜਗਤ ਵਿਚ ਆਪਣੀ ਜੋਤਿ ਪ੍ਰਗਟ ਕੀਤੀ ਹੈ। ਗੁਰੂ ਨਾਨਕ ਦੀ ਗੁਰਜੋਤਿ ਰੂਪੀ ਕੁਲ ਵਿਚ, ਨਾਰਾਇਣ ਖ਼ੁਦ, ਗੁਰੂ ਅੰਗਦ, ਗੁਰੂ ਅਮਰਦਾਸ ਦੇ ਸਰੂਪ ਵਿਚ ਅਵਤਰਿਤ ਹੋਏ - 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।। ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ।।...ਨਾਨਕ ਕੁਲਿ ਨਿੰਮਲੁ ਅਵਤਰਿਉ ਅੰਗਦ ਲਹਣੇ ਸੰਗਿ ਹੁਅ।।', ਅੰਕ ੧੩੯੫. ਠੀਕ ਇਸੇ ਤਰਜ਼ ਤੇ ਭਾਈ ਗੁਰਦਾਸ ਜੀ ਨੇ ਵੀ ਸਪੱਸ਼ਟ ਕੀਤਾ ਹੈ ਕਿ ਨਾਰਾਇਣ ਨੇ ਆਪ ਰੂਪ ਧਰ ਕੇ ਆਪਣੇ ਆਪ ਨੂੰ ਗੁਰੂ ਨਾਨਕ ਬਣਾ ਲਿਆ ਹੈ ਅਤੇ ਉਸ ਨਾਥ ਨੇ ਅਨਾਥਾਂ ਨੂੰ ਸਨਾਥ ਕਰ ਦਿਤਾ ਹੈ, ਉਸ ਨਿਰੰਕਾਰ, ਜੋ ਨਰਾਂ ਦਾ ਪਤੀ ਅਤੇ ਰਾਜਿਆਂ ਦਾ ਰਾਜਾ ਹੈ, ਨੇ ਆਪਣਾ ਆਕਾਰ ਬਣਾਇਆ ਹੈ ਜੋ ਗੁਰੂ ਨਾਨਕ ਹੈ - 'ਨਾਰਾਇਣ ਨਿਜ ਰੂਪੁ ਧਰਿ ਨਾਥਾਨਾਥ ਸਨਾਥ ਕਰਾਇਆ॥ ਨਰਪਤਿ ਨਰਹ ਨਰਿੰਦੁ ਹੈ ਨਿਰੰਕਾਰਿ ਆਕਾਰੁ

ਬਣਾਇਆ॥', ਵਾਰ ੨੪:੧.

ਭੱਟ ਗਯੰਦ ਜੀ ਨੇ ਸਮੇਂ ਦੇ ਗੁਰਜੋਤਿ ਸਰੂਪ, **ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਵਾਹ ਗੁਰੂ ਕਹਿ ਕੇ ਸੰਬੋਧਨ ਕਰਦਿਆਂ** ਸ਼ਰਧਾ ਦੇ ਸੁਮਨ ਭੇਟ ਕੀਤੇ ਹਨ ਅਤੇ ਅਕਾਲ ਪੁਰਖ ਦੀ ਅਸਚਰਜ ਲੀਲਾ ਬਿਆਨ ਕੀਤੀ ਹੈ ਕਿ '**ਹੇ ਵਾਹਗੁਰੂ** ! ਤੂੰ ਹੀ ਬ੍ਰਹਮਾ, ਵਿਸ਼ਨੂੰ ਆਦਿ ਦੇਵਤੇ ਰਚੇ ਹਨ ਅਤੇ ਚੁਰਾਸੀ ਲਖ ਜੂਨਾਂ ਰਚ ਕੇ, ਤਦ ਤੋਂ ਉਨ੍ਹਾਂ ਨੂੰ ਰਿਜ਼ਕ ਦੇ ਰਿਹਾ ਹੈਂ ਅਤੇ ਹਰ ਜੁਗ ਵਿਚ ਵਖ ਵਖ ਰੂਪ ਅਤੇ ਨਾਂਉਂ ਧਰਾ ਕੇ ਆਪਣੇ ਸੇਵਕਾਂ ਦੇ ਅੰਗ-ਸੰਗ ਰਿਹਾ ਹੈਂ ਅਤੇ ਉਹ ਤੇਰੇ ਕਰਕੇ ਹੀ ਜਾਣੇ ਜਾਂਦੇ ਹਨ' - 'ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਇਆ ਮਨ ਮਦ ਕਾ।। ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ।। ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ।।', ਅੰਕ ੧੪੦੩. ਇਸੇ ਤਰ੍ਹਾਂ ਬਲਵੰਡ ਅਤੇ ਸਤਾ, ਦੋ ਸਿਖਾਂ ਨੇ ਵੀ, ੯੬੬ ਅੰਕ ਤੇ 'ਰਾਮਕਲੀ ਕੀ ਵਾਰ' ਵਿਚ ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ 'ਪਾਰਬ੍ਰਹਮੁ ਕਰਿ ਨਮਸਕਾਰਿਆ' ਲਿਖਿਆ ਹੈ। ਨਾਲ ਹੀ ਉਨ੍ਹਾਂ ਨੂੰ ਗੁਰੂ ਨਾਨਕ, ਗੁਰੂ ਅੰਗਦ ਦੇਵ ਅਤੇ ਗੁਰੂ ਅਮਰਦਾਸ ਵੀ ਕਹਿ ਦਿਤਾ - 'ਨਾਨਕੁ ਤੂ ਲਹਣਾ ਤੂ ਹੈ ਗੁਰੁ ਅਮਰੁ ਤੂ ਵੀਚਾਰਿਆ।।', ਅੰਕ ੯੬੮.

ਗੁਰੂ ਸਾਹਿਬਾਨ ਸੁਆਮੀ ਹਨ ਅਤੇ ਭੱਟ ਸਾਹਿਬਾਨ ਉਨ੍ਹਾਂ ਦੇ ਜਨ। ਹਨ ਦੋਨੋਂ ਇਕ ਮਿਕ, ਜਿਵੇਂ ਪਾਣੀ ਵਿਚ ਪਾਣੀ। ਸੁਆਮੀ ਦਾ ਭੇਦ ਤਾਂ, ਜਨ ਹੀ ਜਾਣ ਸਕਦਾ ਹੈ, ਕਿਉਂਕਿ ਉਹ ਉਸ ਵਿਚ ਅਭੇਦ ਹੈ। ਭਗਤ ਰਵਿਦਾਸ ਜੀ, ਇਹ ਭੇਦ ਸਮਝਾਉਂਦੇ ਹਨ। ਭਗਤ ਜੀ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦਿਲ ਦੀਆਂ ਜਾਣਨਹਾਰ ਅਤੇ ਮਾਲਕ ਹੈ। ਜਨ ਜਾਂ ਭਗਤ ਦੀ ਪਛਾਣ, ਉਸਦੇ ਸੁਆਮੀ ਪ੍ਰਭੂ ਕਰ ਕੇ ਹੁੰਦੀ ਹੈ ਪਰ ਇਸਦੇ ਨਾਲ ਹੀ ਸੁਆਮੀ/ਪ੍ਰਭੂ ਦਾ ਭੇਦ ਵੀ ਜਨ ਜਾਂ ਭਗਤ ਰਾਹੀਂ ਹੀ ਜਾਣਿਆ ਜਾ ਸਕਦਾ ਹੈ - 'ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ।। ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ।।', ਅੰਕ ੯੩. ਇਸ ਪੰਕਤੀ ਦੀ ਸਚਾਈ, ਭੱਟ ਸਾਹਿਬਾਨ ਦੀ ਬਾਣੀ ਨੂੰ ਸਮਝ ਕੇ, ਪ੍ਰਤੱਖ ਹੁੰਦੀ ਹੈ, ਕਿਉਂਕਿ ਭੱਟ ਬਾਣੀ ਨੂੰ ਸਮਝਣ ਨਾਲ, ਗੁਰਬਾਣੀ ਦੇ, ਬਹੁਤ ਸਾਰੇ ਗੁਝੇ ਭੇਦ ਸੁਲਝਦੇ ਹਨ, ਸਮਝ ਪੈਂਦੇ ਹਨ।

ਮੌਜੂਦਾ ਸ਼ਬਦ, 'ਸਵਈਏ ਮਹਲੇ ਚਉਥੇ ਕੇ' ਵਿਚੋਂ ਹੋਣ ਦਾ ਅਰਥ ਹੈ ਕਿ ਇਹ, ਗੁਰੂ ਨਾਨਕ ਗੁਰਜੋਤਿ ਦੇ ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਨੂੰ ਸੰਬੋਧਨ ਕਰ ਕੇ, ਉਨ੍ਹਾਂ ਦੀ ਸਿਫ਼ਤ ਸਲਾਹ ਵਿਚ, ਉਚਾਰਣ ਕੀਤਾ ਗਿਆ ਹੈ।

ਆਉ ਹੁਣ ਸ਼ਬਦ ਦੀ ਵੀਚਾਰ ਕਰੀਏ : ਅਬ ਰਾਖਹੁ ਦਾਸ ਭਾਟ ਕੀ ਲਾਜ।।

**ਅਰਥ** : ਭੱਟ ਨਲ ਜੀ, **ਗੁਰ-ਜੋਤਿ** ਨਾਨਕ ਦੇ ਚੌਥੇ ਸਰੂਪ, ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਅਰਜੋਈ ਕਰਦੇ ਹਨ, 'ਹੇ ਗੁਰੂ ਰਾਮਦਾਸ ! ਆਪਣੇ ਇਸ ਦਾਸ, ਭੱਟ ਨਲ ਦੀ, ਇਸ ਜਨਮ ਵਿਚ, ਆਪਣੇ ਨਾਲ ਆਏ ਦੀ ਲਾਜ ਰਖ ਲਉ।'

ਜਿਵੇਂ, ਭਗਤ ਸਧਨਾ ਜੀ ਨੇ, ਅੰਕ ੮੫੮ ਤੇ, ਅਰਜੋਈ ਕੀਤੀ ਹੈ ਕਿ ਮੈਂ ਕੁਝ ਵੀ ਨਹੀਂ, ਮੇਰੀ ਕੋਈ ਪਾਇਆਂ ਨਹੀਂ, ਮੇਰਾ ਕੁਝ ਵੀ ਨਹੀਂ। ਮਸਾਂ ਹੀ ਇਹ ਅਉਸਰ ਮਿਲਿਆ ਹੈ, ਇਹ ਮਾਨਸ ਜਨਮ ਮਿਲਿਆ ਹੈ, ਹੇ ਪ੍ਰਭੂ ! ਮੇਰੀ ਲਾਜ ਰਖ ਲਉ। ਭਾਵ, ਮੈਨੂੰ, ਸੰਸਾਰ ਸਮੁੰਦਰ ਵਿਚੋਂ ਕਢ ਲਉ, ਇਹ ਸਧਨਾ, ਤੇਰਾ ਦਾਸ ਹੈ - 'ਮੈ ਨਾਹੀ ਕਛੁ ਹਉ ਨਾਹੀ ਕਿਛੁ ਆਹਿ ਨ ਮੋਰਾ।। ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ।।' ਅਜਿਹੀ ਹੀ ਅਰਜੋਈ, ਭਗਤ

ਕਬੀਰ ਜੀ ਨੇ ਵੀ ਕੀਤੀ ਹੈ, ਜੋ ਅੰਕ ੧੧੦੪ ਤੇ ਸੁਸ਼ੋਭਤ ਹੈ ਕਿ 'ਹੇ ਭਗਤੀ ਕਰਣ ਵਾਲਿਓ ! ਇਸੇ ਜਨਮ ਵਿਚ, ਆਪਣਾ ਲੇਖਾ ਨਿਬੜਵਾ ਲਉ। ਮੇਰੀ ਵੀ ਅਰਜੋਈ ਹੈ ਕਿ ਹੇ ਪ੍ਰਭੂ ! ਇਸੇ ਵਾਰੀ, ਭਾਵ, ਇਸੇ ਜਨਮ ਵਿਚ ਮੈਨੂੰ ਬਖ਼ਸ਼ ਲਉ ਅਤੇ ਮੇਰਾ ਜਨਮ ਮਰਣ ਦਾ ਸਿਲਸਿਲਾ ਨਿਬੇੜ ਦਿਉ, ਤਾਂ ਕਿ ਮੁੜ, ਜੋਨੀ ਦੇ ਰਸਤੇ ਤੋਂ, ਇਸ ਸੰਸਾਰ ਵਿਚ, ਦੁਬਾਰਾ ਮੇਰਾ ਫ਼ੇਰਾ ਨਾ ਲਗੇ' – 'ਕਹੈ ਕਬੀਰੁ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ।। ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਵਜਲਿ ਫੇਰਾ।।' ਫ਼ਿਰ, ਉਪਾਅ ਵੀ ਦਸਿਆ ਹੈ ਕਿ ਹਰ ਇਕ ਦੇ, ਗੁਰੂ ਨਾਲ ਮਿਲ ਕੇ ਹੀ, ਕਪਾਟ ਖੁਲੇ ਹਨ ਅਤੇ ਅਜਿਹਾ ਮਨੁਖ ਫ਼ਿਰ ਜੂਨਾਂ ਵਿਚ ਨਹੀਂ ਆਇਆ। ਹੇ ਮਨੁਖ, ਇਹੀ ਤੇਰਾ ਮੌਕਾ ਹੈ, ਇਹੀ ਤੈਨੂੰ ਵਾਰੀ ਮਿਲੀ ਹੈ, ਭਾਵ, ਇਹ ਮਨੁਖਾ ਜੀਵਨ, ਵਾਰ ਵਾਰ ਨਹੀਂ ਮਿਲਦਾ – 'ਗੁਰੁ ਮਿਲਿ ਤਾ ਕੇ ਖੁਲੇ ਕਪਾਟ।। ਬਹੁਰਿ ਨ ਆਵੈ ਜੋਨੀ ਬਾਟ।। ਇਹੀ ਤੇਰਾ ਅਉਸਰੁ ਇਹ ਤੇਰੀ ਬਾਰ।।..', ਅੰਕ ੧੧੫੯. ਭੱਟ ਨਲ ਜੀ ਨੂੰ, ਵਡੇ ਭਾਗਾਂ ਨਾਲ, ਗੁਰੂ ਸਾਹਿਬ ਮਿਲ ਪਏ, ਜਿਸ ਕਰ ਕੇ ਉਹ, ਭਗਤ ਕਬੀਰ ਜੀ ਵਾਂਙ, ਸਾਵਧਾਨ ਹਨ ਅਤੇ ਮੌਕਾ ਸੰਭਾਲ ਕੇ, ਇਸੇ ਜਨਮ ਵਿਚ ਹੀ, ਗੁਰੂ ਤੋਂ ਕਿਰਪਾ ਪ੍ਰਾਪਤੀ ਲਈ ਅਰਜੋਈ ਕਰ ਰਹੇ ਹਨ।

ਅਗੋਂ, ਭੱਟ ਜੀ, ਮਿਸਾਲਾਂ ਦਿੰਦੇ ਹਨ ਕਿ '**ਹੇ ਗੁਰੂ ! ਤੁਸੀਂ ਮੇਰੀ ਲਾਜ ਰਖੋ, ਜਿਵੇਂ ਤੁਸੀਂ, ਵਖ ਵਖ ਸਮਿਆਂ ਤੇ, ਹੇਠਾਂ ਦਸੇ ਭਗਤਾਂ ਦੀ ਲਾਜ ਰਖੀ**' :

**ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ**
**ਹਰਨਾਖਸ ਫਾਰੇ ਕਰ ਆਜ।।**

**ਅਰਥ** : ਭੱਟ ਜੀ, **ਗੁਰ-ਜੋਤਿ**, ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਬੇਨਤੀ ਕਰਦੇ ਹਨ ਕਿ ਮੇਰੀ ਲਾਜ ਰਖੋ, ਜਿਵੇਂ ਤੁਸੀਂ ਉਸ ਸਮੇਂ 'ਨਰਸਿੰਘ' ਸਰੂਪ ਵਿਚ ਪ੍ਰਗਟ ਹੋ ਕੇ, ਭਗਤ ਪ੍ਰਹਿਲਾਦ ਦੀ ਭਗਤੀ ਦੀ, ਲਾਜ ਰਖੀ ਅਤੇ ਉਸ ਖ਼ਾਤਰ, ਹਰਨਾਖ਼ਸ਼ ਨੂੰ, ਹੱਥਾਂ ਦੇ ਨਹੁੰਆਂ ਨਾਲ ਪਾੜ ਦਿਤਾ ਸੀ।

ਭਗਤ ਪ੍ਰਹਿਲਾਦ ਜੀ ਦੀ ਰਾਖੀ ਲਈ, 'ਨਰਸਿੰਘ' ਦੇ ਪ੍ਰਗਟ ਹੋ ਕੇ ਆਉਣ ਬਾਰੇ, ਗੁਰਬਾਣੀ ਵਿਚ ਅਨੇਕਾਂ ਵੇਰ ਜ਼ਿਕਰ ਆਇਆ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ, ਭਗਤ ਕਬੀਰ ਜੀ ਅਤੇ ਭਗਤ ਨਾਮਦੇਵ ਜੀ ਨੇ ਤਾਂ, ਗੁਰਬਾਣੀ ਵਿਚ, ਪੂਰੀ ਪੂਰੀ ਸਾਖੀ ਉਚਾਰਣ ਕੀਤੀ ਹੈ। ਭਗਤ ਕਬੀਰ ਜੀ ਦੇ, ਅੰਕ ੧੧੯੪ ਤੇ ਵਾਕ ਹਨ – 'ਕਾਢਿ ਖੜਗ ਕੋਪਿਓ ਰਿਸਾਇ।। ਤੁਝ ਰਾਖਨਹਾਰੋ ਮੋਹਿ ਬਤਾਇ।। ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ।। ਹਰਨਾਖਸੁ ਛੇਦਿਓ ਨਖ ਬਿਦਾਰ।। ਓਇ ਪਰਮ ਪੁਰਖ ਦੇਵਾਧਿ ਦੇਵ।। ਭਗਤਿ ਹੇਤਿ ਨਰਸਿੰਘ ਭੇਵ।। (ਹੇ ਪਰਮ ਪੁਰਖ ਵਾਹਿਗੁਰੂ ! ਤੂੰ ਹੀ ਆਪਣੇ ਭਗਤ ਦੀ ਖਾਤਰ ਨਰ ਸਿੰਘ ਦਾ ਰੂਪ ਧਾਰਨ ਕੀਤਾ) ਕਹਿ ਕਬੀਰ ਕੋ ਲਖੈ ਨ ਪਾਰ।। ਪ੍ਰਹਿਲਾਦ ਉਧਾਰੇ ਅਨਿਕ ਬਾਰ।।' ਭਗਤ ਦੀ ਪੈਜ ਰਖਣ ਖ਼ਾਤਰ ਤਾਂ, ਅਜੀਬ, ਡਰਾਉਣਾ, ਭੱਦਾ 'ਨਰਸਿੰਘ' ਭੇਸ ਧਾਰਣ ਕਰਨਾ ਵੀ ਪ੍ਰਵਾਨ ਕਰ ਲਿਆ।

ਭਗਤ ਜੀ ਦੀਆਂ ਉਪਰ ਦਿਤੀਆਂ ਪੰਕਤੀਆਂ ਵਿਚ 'ਪ੍ਰਭ' ਕੌਣ ਹੈ, ਇਹ ਭੇਦ ਭੱਟ ਨਲ ਜੀ ਨੇ ਖੋਲਿਆ ਹੈ। ਭੱਟ ਨਲ ਜੀ ਦੀ ਮੌਜੂਦਾ ਪੰਕਤੀ ਤੋਂ ਇਹ ਭੇਦ ਖੁਲਦਾ ਹੈ ਕਿ ਉਹ 'ਪ੍ਰਭ' ਹੋਰ ਕੋਈ ਨਹੀਂ, **ਗੁਰ-ਜੋਤਿ** ਹੀ ਸੀ ਜਿਸਨੇ 'ਹਰਨਾਖਸ ਫਾਰੇ ਕਰ ਆਜ' ਦਾ ਕੰਮ ਕੀਤਾ। ਹਰਨਾਖਸ ਦੇ ਸਮੇਂ ਤੇ ਵੀ ਭਗਤ ਰਖਿਅਕ ਦਾ ਕਾਰਜ, **ਗੁਰ-ਜੋਤਿ** ਰਾਹੀਂ ਹੋਇਆ ਹੈ। ਇਸ

ਤੋਂ ਪਹਿਲਾਂ **ਗੁਰ-ਜੋਤਿ** ਦੀ ਹੋਂਦ, ਕਦੋਂ ਤੋਂ ਹੈ, ਕੋਈ ਨਹੀਂ ਜਾਣਦਾ, ਜਿਵੇਂ ਕਿ ਭੱਟ ਗਯੰਦ ਜੀ ਵੀ ਇਸੇ **ਗੁਰ-ਜੋਤਿ** ਸਰੂਪ ਨੂੰ ਸੰਬੋਧਨ ਕਰਦਿਆਂ ਫ਼ੁਰਮਾਣ ਕਰਦੇ ਹਨ ਕਿ ਨਿਰੰਕਾਰ ਤਾਂ ਸਦਾ ਤੋਂ ਹੈ ਪਰ ਹੇ ਗੁਰੂ ਰਾਮਦਾਸ ਸਾਹਿਬ ! ਤੂੰ ਕਦੋਂ ਤੋਂ ਹੈ, ਕੋਈ ਨਹੀਂ ਜਾਣਦਾ, ਤੂੰ ਵਾਹ ਹੈਂ, ਤੇਰੀ ਲੀਲਾ ਅਪਰ ਅਪਾਰ ਹੈ, ਸਭ ਸ੍ਰਿਸ਼ਟੀ ਤੇਰੇ ਹੀ ਸਦਕਾ ਹੈ, ਤੂੰ ਹੀ ਆਪਣੇ ਸੇਵਕਾਂ ਦੇ ਭਰਪੂਰ ਹੈਂ, ਜੁਗਾਂ ਜੁਗਾਂਤਰਾਂ ਤੋਂ, ਉਨ੍ਹਾਂ ਦਾ ਰਾਖਾ ਹੈਂ - 'ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹ ਗੁਰੂ ਤੇਰਾ ਸਭੁ ਸਦਕਾ॥ ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ॥', ਅੰਕ ੧੪੦੩.

ਅਗੋਂ, ਗੁਰਬਾਣੀ ਵਿਚਲੇ, ਕੁਝ ਹੋਰ ਗੁਝੇ ਭੇਦ ਵੀ ਖੋਹਲੇ ਜਾ ਰਹੇ ਹਨ।

**ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ**

**ਛੀਨਤ ਬਸਤ੍ਰ ਦੀਨ ਬਹੁ ਸਾਜ॥**

**ਅਰਥ** : ਹੇ ਗੁਰੂ ਰਾਮਦਾਸ ਸਾਹਿਬ ! ਹੇ ਹਰਿ ਜੀ ਪ੍ਰਭ ਜੀ ! ਫ਼ਿਰ ਤੁਸੀਂ ਲਾਜ ਰਖੀ, ਦ੍ਰੋਪਤੀ ਦੀ। ਜਦੋਂ, ਭਰੇ ਦਰਬਾਰ ਦੇ ਵਿਚ, ਉਸ ਦੇ ਬਸਤਰ ਖੋਹੇ, ਭਾਵ, ਉਤਾਰੇ ਜਾ ਰਹੇ ਸਨ, ਤੁਸੀਂ ਉਸ ਨੂੰ ਅਨੰਤ ਬਸਤਰ ਦੇ ਕੇ ਸਾਜਿਆ ਨਿਵਾਜਿਆ।

ਜਗ ਸਾਰਾ ਜਾਣਦਾ ਹੈ ਕਿ ਧ੍ਰਿਤਰਾਸ਼ਟਰ ਦੇ, ਭਰੇ ਰਾਜ ਦਰਬਾਰ ਵਿਚ, ਦੁਰਜੋਧਨ ਦੇ ਹੁਕਮ ਤੇ, ਦੁਸਾਸਨ ਨੇ ਪਾਂਡਵਾਂ ਦੀ ਪਤਨੀ ਦ੍ਰੋਪਦੀ ਦੇ ਵਸਤਰ ਹਰਣ ਕਰਣ ਦੀ ਭਰਪੂਰ ਕੋਸ਼ਿਸ਼ ਕੀਤੀ ਸੀ। ਸਾਰਿਆਂ ਪਾਸੋਂ ਨਿਰ ਆਸ ਹੋ ਕੇ, ਜਦੋਂ ਉਸ ਨੇ, ਸ੍ਰੀ ਕ੍ਰਿਸ਼ਨ ਜੀ ਅਗੇ ਅਰਦਾਸ ਕੀਤੀ ਤਾਂ ਉਨ੍ਹਾਂ ਨੇ ਕਪੜਿਆਂ ਦਾ ਕਿਲਾ ਬਣਾ ਕੇ ਉਸਦੀ ਪਤ ਰਖੀ। ਇਸ ਸਬੰਧੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਬਚਨ ਕੀਤੇ ਹਨ - 'ਪੰਚਾਲੀ ਕਉ ਰਾਜ ਸਭਾ ਮੈ ਰਾਮ ਨਾਮ ਸੁਧਿ ਆਈ॥ ਤਾ ਕੋ ਦੂਖੁ ਹਰਿਓ ਕਰੁਣਾਮੈ ਅਪਨੀ ਪੈਜ ਬਢਾਈ॥', ਅੰਕ ੧੦੦੮. ਨੋਟ ਕਰਣ ਵਾਲੀ ਗਲ ਹੈ ਕਿ ਪਾਤਸ਼ਾਹ ਨੇ, ਸ੍ਰੀ ਕ੍ਰਿਸ਼ਨ ਜੀ ਦੇ ਨਾਂ ਦੀ ਥਾਂ ਤੇ, 'ਰਾਮ ਨਾਮ' ਅੰਕਤ ਕਰ ਕੇ **ਗੁਰ-ਜੋਤਿ** ਦਾ ਸਿਧਾਂਤ ਦ੍ਰਿੜ ਕੀਤਾ ਹੈ। ਭਾਈ ਗੁਰਦਾਸ ਜੀ ਨੇ ਇੰਞ ਅੰਕਤ ਕਰ ਕੇ ਸਪੱਸ਼ਟ ਕੀਤਾ ਹੈ - 'ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ॥ ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ॥(ਕਪੜੇ ਦਾ ਕਿਲਾ ਬਣਾ ਦਿਤਾ)...ਘਰਿ ਆਈ **ਠਾਕੁਰ** ਮਿਲੇ ਪੈਜ ਰਹੀ ਬੋਲੇ ਸਰਮਾਂਦੀ॥'(ਜਦ ਘਰ ਆਈ ਤਾਂ ਠਾਕੁਰ, ਸ੍ਰੀ ਕ੍ਰਿਸ਼ਨ ਜੀ ਮਿਲੇ ਤਾਂ ਪੁਛਦੇ ਨੇ 'ਪੈਜ ਰਹਿ ਗਈ ?' ਸ਼ਰਮਾਂਦੀ ਨੇ ਹਾਂ ਵਿਚ ਜੁਆਬ ਦਿਤਾ), ਵਾਰ ੧੦:੮. ਭਾਈ ਗੁਰਦਾਸ ਜੀ ਨੇ ਸ੍ਰੀ ਕ੍ਰਿਸ਼ਨ ਜੀ ਲਈ '**ਠਾਕੁਰ**' ਸ਼ਬਦ ਵਰਤਿਆ ਹੈ।

ਗੁਰਬਾਣੀ ਵਿਚ ਅਨੇਕਾਂ ਵਾਰ ਦ੍ਰੋਪਤੀ ਦੀ ਕਥਾ ਦੇ ਹਵਾਲੇ ਆਏ ਹਨ। ਪਰ ਭੱਟ ਨਲ ਜੀ ਇਥੇ, ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ, **ਗੁਰ-ਜੋਤਿ** ਦੇ ਰੂਪ ਵਿਚ ਸੰਬੋਧਤ ਕਰ ਕੇ, ਉਸ ਵਕਤ ਦੀ ਦ੍ਰੋਪਤੀ ਦੀ ਪਤ ਦਾ ਰਾਖਾ ਦਸ ਕੇ, ਬੇਨਤੀ ਕਰ ਰਹੇ ਹਨ ਕਿ ਉਸੇ ਤਰ੍ਹਾਂ ਹੁਣ, ਇਸ ਵਾਰੀ, ਇਸ ਕਲਿਜੁਗ ਵਿਚ ਆਏ ਹੋ, ਇਸ ਦਾਸ, ਭੱਟ ਨਲ ਦਾ ਵੀ ਉਧਾਰ ਕਰ ਦਿਓ।

ਭੱਟ ਜੀ ਦੀ ਅਗਲੀ ਪੰਕਤੀ ਹੈ:

**ਸੋਦਾਮਾ ਅਪਦਾ ਤੇ ਰਾਖਿਆ**

**ਗਨਿਕਾ ਪੜ੍ਹਤ ਪੂਰੇ ਤਿਹ ਕਾਜ॥**

**ਅਰਥ** : ਭੱਟ ਨਲ ਜੀ ਅਗੋਂ ਹੋਰ ਅਰਜੋਈ ਕਰਦੇ ਹਨ, ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ ! ਤੁਸੀਂ ਸੁਦਾਮਾ ਦੀ, ਦਲਿਦਰ ਦੀ ਆਪਦਾ ਤੋਂ ਰਾਖੀ ਕੀਤੀ ਸੀ। ਅਤੇ ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ ! ਤੁਸੀਂ ਹੀ ਵੇਸਵਾ ਗਨਿਕਾ ਦੇ **ਰਾਮ ਰਾਮ...** ਦੇ ਰੱਟੇ ਦੇ ਨਾਲ, ਉਸ ਦਾ ਇਸ ਮਨੁਖਾ ਜੀਵਨ ਦਾ ਕਾਜ, ਮਨੋਰਥ ਸਫ਼ਲ ਕਰ ਦਿਤਾ।

ਇਤਿਹਾਸਕ ਤੌਰ ਤੇ, ਸ੍ਰੀ ਕ੍ਰਿਸ਼ਨ ਜੀ ਨੇ ਹੀ ਸੁਦਾਮਾ ਦੀ, ਦਲਿਦਰ ਦੀ ਆਪਦਾ ਤੋਂ ਰਖਿਆ ਕੀਤੀ ਸੀ। ਸ੍ਰੀ ਗੁਰੂ ਰਾਮਦਾਸ ਸਾਹਿਬ ਦਾ, ਅੰਕ ੧੧੯੧ ਤੇ, ਫ਼ੁਰਮਾਣ ਕੀਤਾ ਹੈ ਕਿ ਸੁਦਾਮਾ, ਭਾਵਨਾ ਦੇ ਨਾਲ, ਸ੍ਰੀ ਕ੍ਰਿਸ਼ਨ ਜੀ ਨੂੰ ਮਿਲਿਆ ਸੀ ਅਤੇ ਮਹਾਰਾਜ ਨੇ, ਉਸ ਦੇ, ਵਾਪਸ ਘਰ ਪੁਜਣ ਤੋਂ ਪਹਿਲਾਂ ਹੀ, ਉਸ ਦਾ ਦਲਿਦਰ ਖਤਮ ਕਰ ਕੇ, ਉਸ ਦੇ ਆਪੇ ਨੂੰ, ਆਪਣੇ ਨਿਜ ਸਰੂਪ ਵਿਚ ਸਮਾਅ ਲਿਆ - 'ਮਿਲਿਓ ਸੁਦਾਮਾ ਭਾਵਨੀ ਧਾਰਿ ਸਭੁ ਕਿਛੁ ਆਗੈ ਦਾਲਦੁ ਭੰਜਿ ਸਮਾਇਆ।।' ਭਗਤ ਕਬੀਰ ਜੀ ਨੇ ਵੀ, ਅੰਕ ੮੫੬ ਤੇ, ਸੁਦਾਮਾ ਅਤੇ ਭਗਤ ਜੈਦੇਵ, ਨਾਮਦੇਵ ਨੂੰ, ਤੁਠ ਕੇ, ਚਾਰੇ ਪਦਾਰਥ ਦੇਣ ਦਾ ਹਵਾਲਾ ਦਿੰਦੇ ਹੋਏ, ਬਚਨ ਕੀਤੇ ਹਨ - 'ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ।। ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ।।' ਇਨ੍ਹਾਂ ਤਿੰਨਾਂ ਭਗਤਾਂ ਨੂੰ ਚਾਰੇ ਪਦਾਰਥ ਦੇਣ ਵਾਲੇ ਨੂੰ 'ਸੰਮ੍ਰਥ ਦਾਤੇ' ਕਿਹਾ ਹੈ।

ਭਾਈ ਗੁਰਦਾਸ ਜੀ ਨੇ ਵੀ ਸੁਦਾਮਾ ਨੂੰ ਸ੍ਰੀ ਕ੍ਰਿਸ਼ਨ ਜੀ ਦੁਆਰਾ ਚਾਰੇ ਪਦਾਰਥ ਦੇਣ ਦੀ ਕਥਾ ਵਿਸਤਾਰ ਸਹਿਤ ਬਿਆਨ ਕੀਤੀ ਹੈ - 'ਦੂਰਹੁੰ ਦੇਖਿ ਡੰਡਉਤ ਕਰਿ ਛਡਿ ਸਿੰਘਾਸਣੁ **ਹਰਿ ਜੀ** ਆਏ।।..ਚਾਰਿ ਪਦਾਰਥ ਸਕੁਚਿ ਪਠਾਏ।।', ਵਾਰ ੧੦:੮. ਇਥੇ ਸ੍ਰੀ ਕ੍ਰਿਸ਼ਨ ਜੀ ਲਈ ਹੀ '**ਹਰਿ ਜੀ**' ਸ਼ਬਦ ਦੀ ਵਰਤੋਂ ਹੋਈ ਹੈ। ਭਗਤ ਕਬੀਰ ਜੀ ਦੇ ਦਸਣ ਅਤੇ ਭਾਈ ਗੁਰਦਾਸ ਜੀ ਦੇ ਦਸਣ ਵਿਚ, **ਚਾਰ ਪਦਾਰਥ** ਦੇਣ ਵਾਲੀ ਇਕੋ ਹੀ ਹਸਤੀ ਹੈ। ਭੱਟ ਨਲ ਜੀ ਨੇ, ਗਲ ਸਾਫ਼ ਕਰ ਦਿਤੀ ਹੈ ਕਿ ਉਹ ਸ੍ਰੀ ਗੁਰੂ ਰਾਮਦਾਸ ਸਾਹਿਬ ਵਾਲੀ **ਗੁਰ-ਜੋਤਿ** ਹੀ ਹੈ, ਜਿਸ ਨੇ, ਸਮੇਂ ਸਮੇਂ ਤੇ ਪਰਗਟ ਹੋ ਕੇ ਭਗਤਾਂ ਦੀ ਪੈਜ ਰਖੀ ਅਤੇ ਦੁਸ਼ਟਾਂ ਦਾ ਸੰਘਾਰ ਕੀਤਾ। ਗੁਰੂ ਸਾਹਿਬਾਨ ਨੇ ਇਹ ਨਹੀਂ ਦਸਿਆ ਕਿ, ਚਾਰ ਪਦਾਰਥ ਦੇਣ ਵਾਲੇ, ਉਹ ਅਸੀਂ ਹੀ ਸਾਂ, ਪਰ ਭੱਟ ਸਾਹਿਬਾਨ ਨੇ ਸਾਫ਼ ਕਰ ਦਿਤਾ।

ਅਗੇ ਗਨਿਕਾ ਦਾ ਹਵਾਲਾ ਆਇਆ ਹੈ ਜੋ ਕਿੱਤੇ ਤੋਂ ਇਕ ਵੇਸਵਾ ਸੀ, ਜਿਸ ਨੂੰ ਇਕ ਮਹਾਤਮਾ ਜਨ, ਇਕ ਤੋਤਾ ਦੇ ਗਏ ਸਨ ਅਤੇ ਉਸ ਨੂੰ '**ਰਾਮ ਰਾਮ...**' ਬੁਲਵਾਉਣ ਲਈ ਕਿਹਾ। ਇਸ ਗਨਿਕਾ ਦਾ, ਤੋਤੇ ਨੂੰ **ਰਾਮ ਰਾਮ...** ਕਹਾਉਂਦੀ ਦਾ ਉਧਾਰ ਹੋ ਗਿਆ। ਗੁਰਬਾਣੀ ਵਿਚ ਗਨਿਕਾ ਦਾ ਉਧਾਰ ਹੋਣ ਦੇ, ਕਈ ਹਵਾਲੇ ਆਏ ਹਨ। ਸ੍ਰੀ ਗੁਰੂ ਅਰਜਨ ਸਾਹਿਬ ਨੇ, ਅੰਕ ੧੧੯੨ ਤੇ, ਇੰਞ ਫ਼ੁਰਮਾਣ ਕੀਤਾ ਹੈ ਕਿ ਹੇ ਮਨ ! ਭਾਵਨਾ ਧਾਰਨ ਕਰ ਕੇ ਸਾਖੀਆਂ ਸੁਣ। ਗਨਿਕਾ ਦਾ ਤੋਤੇ ਨੂੰ **ਰਾਮ ਰਾਮ..** ਜਪਾਉਂਦੀ ਦਾ ਉਧਾਰ ਹੋ ਗਿਆ - 'ਸੁਣਿ ਸਾਖੀ ਮਨ ਜਪਿ ਪਿਆਰ।।.. ਗਨਿਕਾ ਉਧਰੀ ਹਰਿ ਕਹੈ ਤੋਤ।।' ਭੱਟ ਨਲ ਜੀ ਦੇ ਹਵਾਲੇ ਤੋਂ ਇਹ ਸੰਕੇਤ ਮਿਲਦਾ ਹੈ ਕਿ ਗਨਿਕਾ ਨੂੰ ਵੀ, ਜੋ ਮਹਾਤਮਾ ਮਿਲੇ ਸਨ, ਉਹ **ਗੁਰ-ਜੋਤਿ** ਦਾ ਹੀ ਸਰੂਪ ਸਨ।

ਆਖਰੀ ਪੰਕਤੀ ਹੈ :

**ਸ੍ਰੀ ਸਤਿਗੁਰ ਸੁਪ੍ਰਸੰਨ ਕਲਿਜੁਗ ਹੋਇ**

ਰਾਖਹੁ ਦਾਸ ਭਾਟ ਕੀ ਲਾਜ॥੮॥੧੨॥

**ਅਰਥ** : ਪਿਛਲੇ ਜੁਗਾਂ ਤੋਂ ਬਾਅਦ, ਹੁਣ ਇਕ ਵਾਰ ਫ਼ਿਰ ਹੇ **ਗੁਰ-ਜੋਤਿ** ਸਤਿਗੁਰੂ ਜੀਓ ! ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ ! ਇਸ ਸ੍ਰਿਸ਼ਟੀ ਤੇ ਪ੍ਰਸੰਨ ਹੋਏ ਹੋ ਅਤੇ ਇਸ ਦਾ ਉਧਾਰ ਕਰਣ ਹਿਤ, ਇਸ ਕਲਿਜੁਗ ਵਿਚ ਮੁੜ ਮੁੜ ਪ੍ਰਗਟ ਹੋਏ ਹੋ ਅਤੇ **ਗੁਰ-ਜੋਤਿ** ਦੇ ਵਖ ਵਖ ਸਰੂਪਾਂ ਦੇ ਦਰਸ਼ਨ ਦਿਤੇ ਹਨ। ਪਿਛਲੇ ਜੁਗਾਂ ਦਾ ਪ੍ਰਵਾਹ ਮੁੜ ਅਗੇ ਤੋਰਿਆ ਹੈ। ਇਸੇ ਲੜੀ ਵਿਚ ਹੁਣ ਇਸ ਵਾਰ, ਇਸ ਦਾਸ, ਭੱਟ ਨਲ ਦੀ ਵੀ ਇਸ ਮਨੁਖਾ ਜਨਮ ਵਿਚ ਆਏ ਦੀ, ਲਾਜ ਰਖ ਲਓ ਅਤੇ ਇਹ ਅਉਸਰ ਪੂਰਾ ਕਰ ਦਿਓ ਜੀ।

ਜਿਵੇਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਸੁੰਦਰ ਬਚਨ ਹਨ - 'ਤੁਮ ਦਾਤੇ ਤੁਮ ਪੁਰਖ ਬਿਧਾਤੇ॥ ਤੁਮ ਸਮਰਥ ਸਦਾ ਸੁਖ ਦਾਤੇ॥ ਸਭ ਕੋ ਤੁਮ ਹੀ ਤੇ ਵਰਸਾਵੈ ਅਉਸਰੁ ਕਰਹੁ ਹਮਾਰਾ ਪੂਰਾ ਜੀਉ॥', ਅੰਕ ੯੯. ਇਹੋ ਜਿਹਾ ਹੀ ਵਲਵਲਾ, ਭਟ ਨਲ ਜੀ ਦਾ ਹੈ।

ਸਮੁਚੇ ਤੌਰ ਤੇ ਭੱਟ ਨਲ ਜੀ ਨੇ ਇਸ ਸਵਈਏ ਵਿਚ ਬੇਨਤੀ ਕੀਤੀ ਹੈ, 'ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ ! ਜਿਵੇਂ **ਗੁਰ-ਜੋਤਿ** ਦੇ ਪਿਛਲੇ ਵਖ ਵਖ ਸਰੂਪਾਂ ਵਿਚ, ਵਖ ਵਖ ਸਮੇਂ ਤੇ, ਤੁਸੀਂ ਪ੍ਰਹਿਲਾਦ, ਦ੍ਰੋਪਤੀ, ਸੋਦਾਮਾ ਅਤੇ ਗਨਿਕਾ ਦਾ ਅਉਸਰ ਪੂਰਾ ਕੀਤਾ, ਮਨੁਖਾ ਜਨਮ ਸਫ਼ਲਾ ਕੀਤਾ, ਇਸੇ ਤਰ੍ਹਾਂ, **ਹੁਣ** ਮਨੁਖਤਾ ਤੇ ਤੁੱਠ ਕੇ ਇਸ ਕਲਿਜੁਗ ਵਿਚ ਵੀ ਆਏ ਹੋ ਤਾਂ ਹੁਣ ਦਾਸ ਭੱਟ ਦਾ ਵੀ ਉਧਾਰ ਕਰ ਦਿਓ'।